# ਦਫਤਰ ਨਗਰ ਨਿਗਮ ਹੁਸ਼ਿਆਰਪੁਰ।

## ਪ੍ਰੈਸ ਨੋਟ

## ਵਾਰਡ ਨੰਬਰ 24 ਦੇ ਮੁਹੱਲਾ ਗੋਕਲ ਨਗਰ ਵਿਖੇ 3 ਲੱਖ ਰੁਪਏ ਦੀ ਲਾਗਤ ਨਾਲ ਬਨਣ ਵਾਲੇ ਜਿਮ ਰੂਮ ਦੇ ਕੰਮ ਦੀ ਮੇਅਰ ਸ਼ਿਵ ਸੂਦ ਨੇ ਦੀ ਕੀਤੀ ਸ਼ੁਰੂਆਤ

ਹੁਸ਼ਿਆਰਪੁਰ 21 ਦਸੰਬਰ ਨਗਰ ਨਿਗਮ, ਹੁਸ਼ਿਆਰਪੁਰ ਦੇ ਮੇਅਰ ਸ਼ਿਵ ਸੂਦ ਨੇ ਅੱਜ ਵਾਰਡ ਨੰ: 24 ਦੇ ਮੁੱਹਲਾ ਗੋਕਲ ਨਗਰ ਵਿਖੇ 3 ਲੱਖ ਰੁਪਏ ਦੀ ਲਾਗਤ ਨਾਲ ਬਨਣ ਵਾਲੇ ਜਿੰਮ ਰੂਮ ਦੇ ਕੰਮ ਦੀ ਸ਼ੁਰੂਆਤ ਕੰਵਲਜੀਤ ਕੋਰ ਤੋਂ ਰੀਬਨ ਕੱਟਵਾ ਕੇ ਕਰਨ ਉਪਰੰਤ ਮੁੱਹਲਾ ਨਿਵਾਸੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਕੀਤੇ ਗਏ ਸੰਗਤ ਦੌਰਾਨ ਇਸ ਵਾਰਡ ਲਈ ਜਿਮ ਦਾ ਸਮਾਨ ਅਤੇ ਜਿਸ ਰੂਮ ਲਈ 3 ਲੱਖ ਰੁਪਏ ਮੰਜੂਰ ਕੀਤੇ ਸਨ ਜਿਮ ਦਾ ਸਮਾਨ ਇਸ ਮੁਹੱਲੇ ਦੀ ਕਲੱਬ ਨੂੰ ਪਹਿਲਾਂ ਹੀ ਦੇ ਦਿੱਤਾ ਗਿਆ ਹੈ। ਅੱਜ ਜਿਮ ਰੂਮ ਦੇ ਕੰਮ ਦੀ ਸੁਰੂਆਤ ਕੀਤੀ ਜਾ ਰਹੀ ਹੈ ਜਿਸ ਦੇ ਬਨਣ ਨਾਲ ਇਸ ਵਾਰਡ ਦੇ ਨੌਜਵਾਨਾਂ ਨੂੰ ਆਪਣੀ ਸੇਹਤ ਸੰਭਾਲ ਰੱਖਣ ਲਈ ਜਿਮ ਵਿੱਚ ਆ ਕੇ ਕਸਰਤ ਕਰਨ ਦਾ ਮੌਕਾ ਮਿਲੇਗਾ।ਉਨ੍ਹਾਂ ਦੱਸਿਆ ਕਿ ਇਸ ਵਾਰਡ ਦੇ ਪਾਰਕ ਨੂੰ ਸੁੰਦਰ ਬਣਾਉਣ ਲਈ ਇਸ ਪਾਰਕ ਦਾ ਜਲਦੀ ਹੀ ਨਵੀਨੀ ਕਰਨ ਕੀਤਾ ਜਾਵੇਗਾ।

ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ, ਕੌਂਸਲਰ ਬਿਕਰਮਜੀਤ ਸਿਘ ਕਲਸੀ, ਕੌਂਸਲਰ ਨਰਿੰਦਰ ਸਿੰਘ,ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਐਸ.ਡੀ.ਓ ਕੁਲਦੀਪ ਸਿੰਘ, ਜੇ.ਈ ਲਵਦੀਪ ਸਿੰਘ, ਪ੍ਰਤੀਮ ਸਿੰਘ, ਲਖਵੀਰ ਸਿੰਘ, ਗੁਰਜੀਤ ਸਿੰਘ,ਜਰਨੈਲ ਸਿੰਘ, ਬੁੱਧਰਾਜ, ਜਗਜੀਤ ਸਿੰਘ, ਹਰਮੀਦਰ ਸਿੰਘ, ਆਸਾ ਯਾਦਵ, ਸਨੀਤਾ, ਲਖਵੀਰ ਕੋਰ, ਹਰਜੀਤ ਕੋਰ,ਨੀਤੂ ਵਰਮਾ ਅਤੇ ਮੁਹੱਲਾ ਨਿਵਾਸੀ ਇਸ ਮੌਕੇ ਤੇ ਹਾਜਰ ਸਨ।